ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025
ISSN: 2583-9446 (O)
Paper Published Id: ARMN030406
Available online at: www.armaan.org.in
DOI: https://doi.org/10.64119/armaan.vol.3.issue4.06

# ਚਿਹਨ ਵਿਗਿਆਨ: ਇੱਕ ਅਧਿਐਨ

# Chehan Vigiyan: ik Adhyan

**ਗੁਰਵਿੰਦਰ ਸਿੰਘ (Gurwinder Singh)**
**ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ (Asst. Professor, Dept. of Punjabi)**
**ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ (ਪੰਜਾਬ)**
**Email ID: gghumaan104@gmail.com ਮੋਬਾਈਲ: +91-9592131530**

*ਸਾਰ (Abstract)*

*ਆਧੁਨਿਕ ਮਨੁੱਖ ਦੇ ਮਨ ਦੀ ਵੇਦਨਾ ਅਤੇ ਸੰਵੇਦਨਾ ਨੂੰ ਸਮਝਣ ਲਈ ਆਧੁਨਿਕ ਸਾਹਿਤ ਦੇ ਚਿੰਤਨ ਨਾਲ ਜੁੜਨਾ ਲਾਜ਼ਮੀ ਹੈ। ਆਪਣੀ ਸੰਵੇਦਨਾ ਨਾਲ ਆਧੁਨਿਕ ਸਾਹਿਤਕਾਰ ਸਮਕਾਲੀ ਸਥਿਤੀਆਂ ਦਾ ਗਹਿਨ ਅਧਿਐਨ ਕਰਦਾ ਹੈ। ਇਸ ਗਹਿਨ ਅਧਿਐਨ ਤੋਂ ਪ੍ਰਾਪਤ ਮਨੁੱਖੀ ਲੋੜਾਂ ਅਤੇ ਮਾਨਵੀਂ ਕਦਰਾਂ ਕੀਮਤਾਂ ਨੂੰ ਸਾਹਿਤਕਾਰ ਸਾਹਿਤ ਵਿਚ ਪੇਸ਼ ਕਰਦਾ ਹੈ। ਉਸਦੀ ਪੇਸ਼ਕਾਰੀ ਸਮਾਜ ਲਈ ਸਿਹਤਮੰਦ ਵਾਤਾਵਰਣ ਸਿਰਜਣ ਵਿਚ ਇੱਕ ਦਿਸ਼ਾ ਦਾ ਮਾਰਗ-ਦਰਸ਼ਨ ਕਰਦੀ ਹੈ। ਆਧੁਨਿਕ ਸਾਹਿਤ ਦੀ ਪੇਸ਼ਕਾਰੀ ਸੰਕੇਤਕ ਅਤੇ ਪ੍ਰਤੀਕਾਤਮਕ ਵਿਧੀ ਵਿਚ ਵਧੇਰੇ ਹੋ ਰਹੀ ਹੈ। ਸਾਹਿਤ ਦੀ ਸੰਰਚਨਾ ਵਿਚ ਮੌਜੂਦ ਚਿਹਨਾਂ ਦੀ ਸੂਝ ਅਤੇ ਸਮਝ ਲਈ ਇਕ ਵਿਸ਼ੇਸ਼ ਪ੍ਰਕਾਰ ਦੇ ਅਧਿਐਨ ਦੀ ਲੋੜ ਹੁੰਦੀ ਹੈ। ਸਾਹਿਤ ਪਾਠ ਵਿਚਲੇ ਚਿੰਨਾਤਮਕ ਵਰਤਾਰੇ ਨੂੰ ਸਮਝਣ ਲਈ ਚਿਹਨ ਵਿਗਿਆਨਕ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਹੱਥਲੇ ਖੋਜ-ਪੱਤਰ ਵਿੱਚ ਚਿਹਨ ਵਿਗਿਆਨਕ ਵਿਧੀ ਦਾ ਅਧਿਐਨ ਕੀਤਾ ਗਿਆ ਹੈ। ਸਾਹਿਤ ਦੇ ਖੇਤਰ ਵਿੱਚ ਅਨੇਕਾਂ ਆਲੋਚਕਾਂ ਤੇ ਖੋਜਕਾਰਾਂ ਨੇ ਵੱਖ-ਵੱਖ ਅਧਿਐਨ ਵਿਧੀਆਂ ਰਾਹੀਂ ਸਾਹਿਤਕ ਟੈਕਸਟ ਨੂੰ ਸਮਝਣ ਅਤੇ ਸਮਝਾਉਣ ਦਾ ਯਤਨ ਕੀਤਾ ਹੈ। ਇੱਕੀਵੀਂ ਸਦੀ ਦੇ ਇਸ ਪੜਾਅ 'ਤੇ ਆਪਣੇ ਵਿਸ਼ੇ ਦੇ ਮਾਹਰ ਵਿਦਵਾਨ ਰਚਨਾ-ਅਧਿਐਨ ਲਈ ਸਪੱਸ਼ਟ ਵਿਧੀ-ਵਿਧਾਨ ਉਸਾਰਨ ਦਾ ਯਤਨ ਕਰ ਰਹੇ ਹਨ। ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਆਧੁਨਿਕ ਸਾਹਿਤ ਦਾ ਅਧਿਐਨ ਚਿਹਨ ਵਿਗਿਆਨ ਵਿਧੀ ਤੋਂ ਅਲੱਗ ਹੋ ਕੇ ਨਹੀਂ ਕੀਤਾ ਜਾ ਸਕਦਾ। ਆਧੁਨਿਕ ਸਾਹਿਤ ਦੀ ਬਿਰਤਾਂਤਕ ਸੰਰਚਨਾ ਵਿਚ ਸਾਹਿਤਕਾਰ ਇਤਿਹਾਸ, ਮਿਥਿਹਾਸ, ਸਮਾਜ-ਸੱਭਿਆਚਾਰ ਆਦਿ ਵਿਸ਼ਿਆਂ ਨਾਲ ਸੰਵਾਦ ਰਚਾਉਂਦਾ ਹੋਇਆ ਅਨੇਕਾਂ ਹੀ ਚਿੰਨਾ ਦੀ ਵਰਤੋਂ ਕਰਦਾ ਹੈ। ਇਸ ਲਈ ਜਦੋਂ ਸਾਹਿਤ ਦਾ ਅਧਿਐਨ ਚਿਹਨ ਵਿਗਿਆਨ ਨਾਲ ਮਿਲ ਕੇ ਕੀਤਾ ਜਾਂਦਾ ਹੈ ਤਾਂ ਸਾਹਿਤ ਪਾਠ ਦੇ ਅਨੇਕਾਂ ਰਹੱਸ ਉਜਾਗਰ ਹੁੰਦੇ ਹਨ। ਜਿਸ ਨਾਲ ਵਿਚਿਤਰ ਸਿੱਟੇ ਉੱਭਰ ਕੇ ਬਾਹਰ ਆਉਂਦੇ ਹਨ।*

***ਕੀਵਰਡ (Keyword):*** *ਚਿਹਨ, ਚਿਹਨ ਵਿਗਿਆਨ, ਚਿਹਨ ਵਿਗਿਆਨ ਦੇ ਚਿੰਤਕ, ਤਿਕੋਣ ਵਿਧੀ, ਚਿਹਨ ਅਤੇ ਚਿੰਨ੍ਹ, ਚਿਹਨਕ, ਚਿਹਨਤ।*

ਚਿਹਨ ਵਿਗਿਆਨ:-

ਚਿਹਨ ਵਿਗਿਆਨ ਦਾ ਸਬੰਧ ਸੰਚਾਰ ਦੇ ਵਿਸ਼ਲੇਸ਼ਣ ਨਾਲ ਹੈ। ਗੈਰ ਭਾਸ਼ਾਈ ਅਤੇ ਭਾਸ਼ਾਈ ਸੰਚਾਰ ਯੋਗ ਕਲਾਵਾਂ ਇਸਦੇ ਘੇਰੇ ਵਿਚ ਆਉਂਦੀਆਂ ਹਨ। ਚਿਹਨ ਵਿਗਿਆਨ ਦਾ ਅਧਿਐਨ ਖੇਤਰ ਭਾਸ਼ਾ, ਸਾਹਿਤ, ਸੱਭਿਆਚਾਰ, ਮਿੱਥ, ਫੈਸ਼ਨ, ਬੁੱਤ-ਕਲਾ, ਇਮਾਰਤਸਾਜ਼ੀ, ਮੀਡੀਆ ਆਦਿ ਵੱਖ-ਵੱਖ ਖੇਤਰਾਂ ਦੇ ਵਿਸ਼ਲੇਸ਼ਣ ਤੱਕ ਫੈਲਿਆ ਹੋਇਆ ਹੈ। ਚਿਹਨ ਵਿਗਿਆਨ ਦਾ ਉਦੇਸ਼ ਪ੍ਰਾਪਤ ਚਿਹਨਾਂ ਨਾਲ ਸਬੰਧ ਸਥਾਪਤ ਕਰਦੇ ਹੋਏ ਸੰਗਠਿਤ ਪਾਠ ਦੀ ਡੀ-ਕੋਡਿੰਗ ਕਰਨਾ ਹੈ। ਹਰ ਇਕ ਚਿਹਨ ਇਕ ਸੁਤੰਤਰ ਅਰਥ ਵੀ ਰੱਖਦਾ ਹੈ ਜਦ ਕਿ ਇਕ ਸਮੂਹ ਵਿਚ ਸ਼ਾਮਿਲ ਹੋ ਕੇ ਇਕ ਸੰਗਠਿਤ ਅਰਥ ਵੀ ਉਰਜਿਤ ਕਰਦਾ ਹੈ। ਸੰਚਾਰ ਨੂੰ ਕੋਸ਼ਗਤ ਅਰਥਾਂ ਤੋਂ ਪਾਰ ਜਾ ਕੇ ਨਵੇਂ ਅਤੇ ਵਡੇਰੇ ਅਰਥਾਂ ਦੀ ਤਲਾਸ਼ ਕਰਨਾ ਚਿਹਨ ਵਿਗਿਆਨ ਦਾ ਖੇਤਰ ਹੈ। ਚਿਹਨ ਵਿਗਿਆਨ ਮੂਲ ਰੂਪ ਵਿਚ ਅੰਤਰੰਗ ਵਿਸ਼ਲੇਸ਼ਣ ਵਿਧੀ ਵਜੋਂ ਹੋਂਦ ਵਿਚ ਆਈ ਪਰ ਹੌਲੀ-ਹੌਲੀ ਇਹ ਬਹਿਰੰਗ ਅਧਿਐਨ ਨੂੰ ਵੀ ਆਪਣੇ ਕਲਾਵੇ ਵਿਚ ਲੈਣ ਲੱਗੀ ਹੈ ਕਿਉਂਕਿ ਜਦ ਚਿਹਨ ਹੀ ਸਮਾਜ ਦੁਆਰਾ ਘੜੇ ਗਏ ਹਨ ਤਾਂ ਚਿਹਨਕਾਂ ਤੋਂ ਚਿਹਨਤਾਂ ਤੱਕ ਪੁੱਜਣ ਦੀ ਪ੍ਰਕਿਰਿਆ ਸਮਾਜਿਕ ਦਖਲ ਤੋਂ ਮੁਕਤ ਕਿਵੇਂ ਹੋ ਸਕਦੀ ਹੈ ਜੇ ਅਜਿਹਾ ਕੀਤਾ ਵੀ ਜਾਵੇ ਤਾਂ ਇਹ ਵਿਸ਼ਲੇਸ਼ਣ ਪ੍ਰਣਾਲੀ ਮਕਾਨਕੀ ਜਿਹੀ ਬਣ ਕੇ ਰਹਿ ਜਾਵੇਗੀ।


ਚਿਹਨ ਵਿਗਿਆਨ ਲਈ ਅਮਰੀਕਨ ਸਕੂਲ ਨੇ ਸਿਮਿਓਟਿਕਸ (Semiotics) ਪਦ ਦੀ ਵਰਤੋਂ ਕੀਤੀ ਹੈ। ਜਿਸ ਦੀ ਉਤਪਤੀ ਯੂਨਾਨੀ ਧਾਤੂ 'ਸੀਮ' (Seme) ਤੋਂ ਹੋਈ ਮੰਨੀ ਜਾਂਦੀ ਹੈ। ਚਿਹਨ ਵਿਗਿਆਨ ਦਾ ਸਿਧਾਂਤਕ ਰੂਪ ਵੀਹਵੀਂ ਸਦੀ ਦੌਰਾਨ ਹੋਂਦ ਵਿਚ ਆਇਆ ਪਰ ਇਸ ਦੀਆਂ ਜੜ੍ਹਾਂ ਕਈ ਸਦੀਆਂ ਪਹਿਲਾਂ ਦੇ ਚਿੰਤਨ ਵਿਚੋਂ ਲੱਭੀਆਂ ਜਾ ਸਕਦੀਆਂ ਹਨ। ਪਲੈਟੋ ਨੇ ਚਿਹਨਾਂ ਦੇ ਆਪਹੁਦਰੇਪਣ ਦੀ ਵਿਆਖਿਆ ਕੀਤੀ ਹੈ। ਉਸ ਅਨੁਸਾਰ ਜੋ ਨਾਮ ਅਸੀਂ ਕਿਸੇ ਵਸਤੂ ਨੂੰ ਦਿੰਦੇ ਹਾਂ ਜੇਕਰ ਉਸਨੂੰ ਬਦਲ ਦਿੱਤਾ ਜਾਵੇ ਤਾਂ ਨਵਾਂ ਨਾਂ ਵੀ ਓਨਾ ਹੀ ਢੁਕਵਾਂ ਹੋਵੇਗਾ ਜਿੰਨ੍ਹਾ ਕਿ ਪੁਰਾਣਾ ਸੀ। ਪਲੈਟੋ ਤੋਂ ਬਾਅਦ ਹੋਏ ਚਿੰਤਕ ਸੋਟਾਇਕਸ, ਐਪੀਕੁਰੀਨਜ਼, ਅਗੁਸਟਾਈਨ ਅਤੇ ਵਿਲੀਅਮ ਆਫ ਓਕਮ ਆਦਿ ਨੇ ਚਿਹਨ ਵਿਗਿਆਨ ਦੇ ਚਿੰਤਨ ਸਬੰਧੀ ਪਹਿਲਾ ਕਦਮ ਉਠਾਇਆ। ਅਮਰੀਕੀ ਚਿੰਤਕ ਸੀ.ਐਸ.ਪਰਸ ਅਨੁਸਾਰ-

> *"ਚਿਹਨ ਉਹ ਹੈ ਜਿਸ ਨੂੰ ਕਿਸੇ ਹੋਰ ਵਸਤੂ ਲਈ ਵਰਤਿਆ ਜਾਂਦਾ ਹੈ, ਜਿਸ ਨੂੰ ਕਿਸੇ ਦੁਆਰਾ ਸਮਝਿਆ ਜਾਂਦਾ ਹੈ ਜਾਂ ਕਿਸੇ ਲਈ ਇਸਦਾ ਕੋਈ ਅਰਥ ਹੁੰਦਾ ਹੈ।"[1]*

 ISSN: 2583-9446 (O)

ਸੀ.ਐਸ.ਪਰਸ ਨੇ ਆਪਣੇ ਪੇਪਰ ਦਿ ਲਾਜਿਕ ਆਫ ਸਾਇੰਸ (The Logic of Science) ਵਿਚ ਤਿਕੋਣ (Triadic Theory) ਦਾ ਸਿਧਾਂਤ ਪੇਸ਼ ਕੀਤਾ। ਉਸ ਅਨੁਸਾਰ ਚਿਹਨ ਵਿਗਿਆਨ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਚਿਹਨ (Representamen), ਵਸਤੂ (Object) ਅਤੇ ਵਿਖਿਆਤ (Inerpretant) ਤਿਕੋਣ ਰੂਪ ਵਿਚ ਜੁੜੇ ਹੁੰਦੇ ਹਨ। ਪਰਸ ਅਨੁਸਾਰ ਇਹਨਾਂ ਤਿੰਨਾਂ ਦਾ ਸਮਤੋਲ ਹੀ ਅਰਥ ਨੂੰ ਉਰਜਿਤ ਕਰਦਾ ਹੈ। ਪਰਸ ਚਿਹਨ ਲਈ (Representamen) ਸ਼ਬਦ ਵਰਤਦਾ ਹੈ। ਪਰਸ ਚਿਹਨ ਦੇ ਅਧਾਰ ’ਤੇ ਚਿਹਨ (Representamen), ਵਸਤੂ (Object) ਅਤੇ ਵਿਖਿਆਤ (Inerpretant) ਦੀਆਂ ਅੱਗੇ ਤਿੰਨ-ਤਿੰਨ ਕਿਸਮਾਂ ਨਿਰਧਾਰਿਤ ਕਰਦਾ ਹੈ।

ਤਿਕੋਣ ਦਾ ਸਿਧਾਂਤ (Triadic Theory)




ਸੀ.ਐਸ.ਪਰਸ ਨੇ ਚਿਹਨਾਂ ਦੀ ਵਿਗਿਆਨ ਵੰਡ ਲਈ ਕਾਫੀ ਯਤਨ ਕੀਤੇ ਹਨ ਪਰੰਤੂ ਉਸਦਾ ਚਿੰਤਨ ਗੁੰਝਲਦਾਰ ਹੈ। ਜਿਸਦਾ ਵਿਸ਼ਾਲ ਘੇਰਾ ਅਤੇ ਇਸਦੀ ਵਿਆਖਿਆ ਇਸ ਨੂੰ ਹੋਰ ਉਲਝਣ ਵੱਲ ਲੈ ਜਾਂਦੀ ਹੈ।

ਵੀਹਵੀਂ ਸਦੀ ਵਿਚ ਚਿਹਨ ਵਿਗਿਆਨ ਫਰਦੀਨ-ਦਾ-ਸੋਸਿਉਰ ਦੇ ਭਾਸ਼ਾਈ ਸੰਕਲਪਾਂ ਵਿਚੋਂ ਹੋਂਦ ਗ੍ਰਹਿਣ ਕਰਦਾ ਹੈ। ਸੋਸਿਉਰ ਨੇ ਪਹਿਲੀ ਵਾਰ ਭਾਸ਼ਾ ਨੂੰ ਇਕ ਇਕਾਈ ਸਵੀਕਾਰ ਕਰਕੇ ਉਸ ਦੇ ਵਿਗਿਆਨਕ ਵਿਸ਼ਲੇਸ਼ਣ ਉਪਰ ਧਿਆਨ ਕੇਂਦਰਿਤ ਕੀਤਾ। ਇਸੇ ਸਮੇਂ ਤੱਕ ਅਮਰੀਕੀ ਚਿੰਤਕਾਂ ਨੇ ਵੀ ਚਿਹਨ ਵਿਗਿਆਨ ਨੂੰ ਸਾਹਿਤ ਵਿਸ਼ਲੇਸ਼ਣ ਲਈ ਵਰਤਣ ਦੀ ਪੈਰਵੀ ਸ਼ੁਰੂ ਕਰ ਦਿੱਤੀ ਸੀ। ਇਸ ਤਰ੍ਹਾਂ ਚਿਹਨ ਵਿਗਿਆਨ ਦੋ ਵੱਖ-ਵੱਖ ਨਾਵਾਂ ਨਾਲ ਦੋ ਵੱਖ-ਵੱਖ ਥਾਵਾਂ ’ਤੇ ਵਿਕਸਿਤ ਹੋਇਆ। ਮੁੱਢਲੇ ਦੌਰ ਵਿਚ ਅਮਰੀਕੀ ਚਿਹਨ ਵਿਗਿਆਨ (Semiotics) ਅਤੇ ਸਵਿਸ ਚਿਹਨ ਵਿਗਿਆਨ (Semiology) ਇਕ ਦੂਜੇ ਦੇ ਪ੍ਰਭਾਵ ਤੋਂ ਮੁਕਤ ਰਹਿ ਕੇ ਵਿਕਸਤ ਹੋਏ ਪਰ ਬਾਅਦ ਵਿਚ ਸਾਂਝੇ ਰੂਪ ਵਿਚ ਪੜ੍ਹੇ/ਸਮਝੇ ਜਾਣ ਲੱਗੇ। ਫਰਦੀਨ-ਦਾ-ਸੋਸਿਉਰ ਅਨੁਸਾਰ ਸੰਸਾਰ ਵਿਚ ਚਿਹਨਾਂ ਦੀ ਹੋਂਦ ਦਾ ਅਧਿਐਨ ਕਰਨ ਵਾਲੇ ਵਿਗਿਆਨ ਦੀ ਕਲਪਨਾ ਕੀਤੀ ਜਾ ਸਕਦੀ ਹੈ।

> *“ਚਿਹਨ ਵਿਗਿਆਨ ਇਹ ਦਰਸਾਏਗਾ ਕਿ ਚਿਹਨਾਂ ਦੀ ਦੀ ਸਿਰਜਣਾ ਕਿਵੇਂ ਹੁੰਦੀ ਹੈ ਅਤੇ ਉਹ ਕਿਹੜੇ ਨਿਯਮਾਂ ਅਨੁਸਾਰ ਸੰਚਾਰਿਤ ਹੁੰਦੇ ਹਨ ਕਿਉਂਕਿ ਇਹ ਵਿਗਿਆਨ ਹਾਲੀਂ ਹੋਂਦ ਵਿਚ ਨਹੀਂ ਆਇਆ। ਇਸ ਦੇ ਸਰੂਪ ਬਾਰੇ ਭਵਿੱਖਬਾਣੀ ਮੁਸ਼ਕਲ ਹੈ, ਪਰ ਉਸ ਨੂੰ ਹੋਂਦ ਵਿਚ ਆਉਣ ਦਾ ਪੂਰਾ ਹੱਕ ਹੈ।”*[2]

ਸੋਸਿਉਰ ਨੇ ਨਾ ਸਿਰਫ ਚਿਹਨ ਵਿਗਿਆਨ ਦੀ ਵਕਾਲਤ ਕੀਤੀ ਸਗੋਂ ਭਾਸ਼ਾ ਬਾਰੇ ਟਿੱਪਣੀ ਕਰਦਿਆਂ ਕਿਹਾ,

> *“ਭਾਸ਼ਾ ਵਿਗਿਆਨ ਚਿਹਨ ਵਿਗਿਆਨ ਦਾ ਕੇਵਲ ਅੰਗ ਮਾਤਰ ਹੈ।”*[3]

ਸੋਸਿਉਰ ਨੇ ਚਿਹਨ ਵਿਗਿਆਨ ਦਾ ਸੰਕਲਪ ਪੇਸ਼ ਕਰਕੇ ਇਸ ਦੀ ਵਰਤੋਂ ਭਾਸ਼ਾ ਵਿਗਿਆਨ ਲਈ ਕੀਤੀ। ਸੋਸਿਉਰ ਦੇ ਸਾਰੇ ਸੰਕਲਪ ਮੂਲ ਰੂਪ ਵਿਚ ਵਿਰੋਧ ਦੇ ਸਿਧਾਂਤ ਦੁਆਲੇ ਘੁੰਮਦੇ ਹਨ। ਸਭ ਤੋਂ ਪਹਿਲਾਂ ਚਿਹਨ ਹੀ ਦੂਸਰੇ ਚਿਹਨਾਂ ਦੇ ਵਿਰੋਧ ਵਿਚ ਅਰਥ ਉਤਪਾਦਨ ਕਰਦਾ ਹੈ। ਇਸ ਤੋਂ ਬਾਅਦ ਲਾਂਗ ਅਤੇ ਪੈਰੋਲ, ਕੜੀਦਾਰ ਅਤੇ ਲੜੀਦਾਰ ਸੰਬੰਧ, ਇਕਾਲਕ ਅਤੇ ਦੁਕਾਲਕ, ਅੰਦਰੂਨੀ ਅਤੇ ਬਹਿਰੂਨੀ ਭਾਸ਼ਾ ਵਿਗਿਆਨ ਉਸਦੇ ਅਹਿਮ ਸਿਧਾਂਤਕ ਸ਼ਬਦ ਜੁੱਟ ਹਨ। ਇਹਨਾਂ ਵਿਚੋਂ ਚਿੰਨ੍ਹ ਇੱਕ ਮਹੱਤਵਪੂਰਨ ਸੰਕਲਪ ਹੈ। ਭਾਸ਼ਾ ਚਿਹਨਾਂ ਦਾ ਸਿਸਟਮ ਹੈ। ਇਸ ਲਈ ਸਭ ਤੋਂ ਅਹਿਮ ਹੈ ਕਿ ਚਿਹਨ ਕੀ ਹੈ? ਭਾਸ਼ਾ ਨਾਲ ਸਬੰਧਿਤ ਸਾਰੇ ਸਵਾਲ ਚਿਹਨ ਤੋਂ ਸ਼ੁਰੂ ਹੁੰਦੇ ਹਨ। ਸੋਸਿਉਰ ਨੇ ਸਭ ਤੋਂ ਪਹਿਲਾਂ ਕੰਮ ਇਹ ਕੀਤਾ ਕਿ ਸ਼ਬਦ ਨੂੰ ਅਸੀਂ ਸੁਣਦੇ ਹਾਂ ਇਸ ਲਈ ਸ਼ਬਦ ਅੱਖਰਾਂ ਦਾ ਨਹੀਂ ਧੁਨੀਆ ਦਾ ਸਮੂਹ ਹੈ। ਸੋਸਿਉਰ ਦੇ ਵਿਗਿਆਨ ਅਨੁਸਾਰ ਚਿੰਨ੍ਹ ਨੂੰ ਸੂਚਨਾ ਦਾ ਮਾਧਿਅਮ ਵਜੋਂ ਜਾਣਿਆ ਜਾਂਦਾ ਹੈ। ਇਸ ਦੇ ਦੋ ਪੱਖ ਹਨ ਜਿਸ ਨੂੰ ਸੋਸਿਉਰ ਨੇ ਚਿਹਨਕ ਅਤੇ ਚਿਹਨਤ ਦੋ ਆਪਸ ਵਿਚ ਜੁੜੇ ਸੰਕਲਪਾਂ ਦੇ ਰੂਪ ਵਿਚ ਪੇਸ਼ ਕੀਤਾ। ਸੂਚਨਾ ਨੂੰ ਚਿਹਨਤ ਅਤੇ ਸੂਚਨਾ ਦੇ ਵਾਹਕ ਨੂੰ ਚਿਹਨਕ ਕਿਹਾ ਜਾਂਦਾ ਹੈ। ਉਸ ਅਨੁਸਾਰ ਚਿੰਨ੍ਹ ਵਸਤੂ ਅਤੇ ਰੂਪ ਦਾ ਸੁਮੇਲ ਨਹੀਂ ਸਗੋਂ ਇਕ ਵਸਤੂ ਨਾਲ ਜੁੜੇ ਹੋਏ ਸੰਕਲਪ ਅਤੇ ਉਸਦਾ ਪਰਗਟਾ ਪੱਖ ਭਾਵ ਉਚਾਰਨ ਦਾ ਸੁਮੇਲ ਹੈ। ਚਿੰਨ੍ਹ ਅਤੇ ਇਸ ਦੇ ਅਰਥ ਸਮਾਜ ਵਿਚ ਪਏ ਹੁੰਦੇ ਹਨ। ਸਮਾਜ ਦੀ ਇੱਕ ਸਥਿਤੀ ਵਿਚ ਇਹਨਾਂ ਦੇ ਅਰਥ ਹੋਰ ਹੁੰਦੇ ਹਨ ਦੂਜੀ ਸਥਿਤੀ ਵਿਚ ਹੋਰ ਹੁੰਦੇ ਹਨ। ਕਿਸੇ ਵੀ ਭਾਸ਼ਾਈ ਵਾਤਾਵਰਨ ਸੱਭਿਆਚਾਰ ਵਿਚ ਵਾਪਰਨ ਵਾਲੇ ਪਰਿਵਰਤਨ ਤੋਂ ਜਾਣੂ ਹੋਏ ਬਗੈਰ ਇਹਨਾਂ ਚਿਨ੍ਹਾਂ ਨੂੰ ਨਹੀਂ ਸਮਝਿਆ ਜਾ ਸਕਦਾ।

ਰੋਲਾਂ ਬਾਰਤ ਨੇ ਸੋਸਿਉਰ ਦੇ ਸਿਧਾਤਾਂ ਨਾਲ ਸੰਵਾਦ ਰਚਾਕੇ ਚਿਹਨ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਅੰਗ ਤਸਲੀਮ ਕੀਤਾ ਹੈ। ਉਸ ਅਨੁਸਾਰ-

> *“ਚਿਹਨ ਵਿਗਿਆਨ ਕਿਸੇ ਵੀ ਸੰਕੇਤਕ ਪ੍ਰਣਾਲੀ ਨੂੰ ਸਮਝਣ ਦਾ ਉਦੇਸ਼ ਰੱਖਦੀ ਹੈ ਭਾਵੇਂ ਉਹ ਕਿਸੇ ਵੀ ਰੂਪ ਵਿਚ ਹੋਵੇ। ਇਹ ਚਿੱਤਰ, ਹਾਵ-ਭਾਵ, ਸੰਗੀਤਕ ਧੁਨੀਆਂ, ਵਸਤੂਆਂ, ਅਤੇ ਇਨ੍ਹਾਂ ਸਭ ਦੀਆਂ ਜਟਿਲ ਸੰਯੋਜਨਾਵਾਂ ਨੂੰ ਸ਼ਾਮਿਲ ਕਰਦੀ ਹੈ ਜੋ ਰਸਮ ਰਿਵਾਜ, ਪਰੰਪਰਾਵਾਂ ਜਾਂ ਲੋਕਾਂ ਦੀ ਮੰਨੋਰੰਜਨ ਪ੍ਰਣਾਲੀ ਦਾ ਹਿੱਸਾ ਬਣਦੀਆਂ ਹਨ। ਇਹ ਭਾਂਵੇ ਭਾਸ਼ਾ ਨਹੀਂ ਘੱਟੋ-ਘੱਟ ਚਿਹਨਕਾਰੀ ਦੀਆਂ ਪ੍ਰਣਾਲੀਆਂ ਤਾਂ ਜ਼ਰੂਰ ਹਨ।”*[4]

ਇਸ ਤੋਂ ਛੁੱਟ ਅੰਬਰਤੋ ਈਕੋ, ਜੂਲੀਆ ਕ੍ਰਿਸਤੇਵਾ, ਰਾਬਰਟ ਸ਼ੋਲਜ, ਪੀਅਰੇ ਗੁਅਰੇ, ਲੂਈ ਯਲਮਸਲੇਵ ਅਤੇ ਯੂਰੀ ਲੋਟਮਾਨ ਵਰਗੇ ਚਿੰਤਕਾਂ ਨੇ ਆਪਣੀ ਦ੍ਰਿਸ਼ਟੀ ਤੋਂ ਚਿਹਨ ਵਿਗਿਆਨ ਨੂੰ ਪਰਿਭਾਸ਼ਿਤ ਕੀਤਾ ਹੈ। ਜਿਹਨਾਂ ਦੀਆਂ ਪਰਿਭਾਸ਼ਾਵਾਂ ਦੇ ਅਧਾਰ ’ਤੇ ਇਹ ਕਿਹਾ ਜਾ ਸਕਦਾ ਹੈ ਕਿ ਚਿਹਨ ਵਿਗਿਆਨ ਗਣਿਤ ਦੇ ਫਾਰਮੂਲੇ ਵਾਂਗ ਕੋਈ ਸਥਾਈ ਜਾਂ ਅੰਤਿਮ ਨਿਯਮ ਨਹੀਂ ਹੈ। ਚਿਹਨ ਵਿਗਿਆਨ ਦਾ ਵਿਸ਼ਾਲ ਅਧਿਐਨ ਖੇਤਰ ਹੋਣ ਕਰਕੇ ਇਸ ਦੀ ਪਰਿਭਾਸ਼ਾ ਦਾ ਮੁਹਾਂਦਰਾ ਬਦਲਦਾ ਰਹਿੰਦਾ ਹੈ। ਚਿਹਨ ਵਿਗਿਆਨ ਅਜਿਹੀ ਵਿਸ਼ਲੇਸ਼ਣ ਵਿਧੀ ਹੈ ਜੋ ਇਸ ਅਧਿਐਨ ਉਪਰ ਬਲ ਦਿੰਦੀ ਹੈ ਕਿ ਹਰ ਧੁਨੀ ਸਮੂਹ ਕੁਝ ਨਾ ਕੁਝ

ਦਰਸਾ ਰਿਹਾ ਹੁੰਦਾ ਹੈ ਭਾਵ ਜੋ ਅਸੀਂ ਬੋਲਦੇ/ਲਿਖਦੇ ਹਾਂ ਤਾਂ ਉਹ ਸੁਣਨ/ਪੜ੍ਹਨ ਵਾਲੇ ਤੱਕ ਕੁੱਝ ਸੰਚਾਰ ਕਰਦਾ ਹੈ।

ਵੀਹਵੀਂ ਸਦੀ ਤੱਕ ਆਉਂਦਿਆਂ ਸਾਹਿਤਕ ਕਿਰਤ ਨੂੰ ਸੰਪੂਰਨ ਸਮੁੱਚ ਦੇ ਰੂਪ ਵਿਚ ਸਵੀਕਾਰ ਕਰਕੇ ਉਸ ਦੇ ਨਿਕਟ ਵਿਸ਼ਲੇਸ਼ਣ ਉਪਰ ਬਲ ਦਿੱਤਾ ਜਾਣ ਲੱਗਾ ਹੈ। ਚਿਹਨ ਵਿਗਿਆਨੀਆਂ ਨੇ ਇਸ ਗੱਲ ਉਪਰ ਵਿਸ਼ੇਸ਼ ਬਲ ਦਿੱਤਾ ਕਿ ਸਾਹਿਤਕ ਪਾਠਾਂ ਦੀ ਸਾਰਥਕਤਾ ਉਹਨਾਂ ਦੀ ਸੰਚਾਰ ਯੋਗਤਾ ਉਪਰ ਨਿਰਭਰ ਕਰਦੀ ਹੈ। ਚਿਹਨ ਜਿੱਥੇ ਇੱਕਹਿਰੇ ਰੂਪ ਵਿਚ ਭਾਸ਼ਕ ਸੰਚਾਰ ਕਰਦੇ ਹਨ, ਉੱਥੇ ਇਹ ਚਿਹਨ ਆਪਸ ਵਿਚ ਜੁੜ ਕੇ ਇਕ ਪਾਠ ਦੀ ਸਿਰਜਣਾ ਕਰਦੇ ਹਨ। ਹਰ ਪਾਠ ਵਿਚ ਸ਼ਾਮਿਲ ਚਿਹਨ ਜਿੱਥੇ ਆਪਣੀ ਵਿਸ਼ੇਸ਼ ਹੋਂਦ ਰੱਖਦੇ ਹਨ ਉੱਥੇ ਪਾਠ ਵਿਚ ਇਕ ਦੂਜੇ ਦੇ ਸਹਾਇਕ ਵਜੋਂ ਆ ਕੇ ਵਡੇਰੀ ਅਰਥ ਸਿਰਜਣਾ ਵੱਲ ਰੁਚਿਤ ਹੁੰਦੇ ਹਨ।

> *"ਸਾਹਿਤਕ ਪੱਧਰ ਉੱਤੇ ਚਿਹਨਾਂ ਦੀ ਇਸੇ ਪ੍ਰਕਿਰਿਆ ਨੂੰ ਪ੍ਰਵਚਨ ਕਿਹਾ ਜਾਂਦਾ ਹੈ। ਪ੍ਰਵਚਨ ਆਪਣੇ ਆਪ ਵਿਚ ਮੁਕੰਮਲ ਭਾਸ਼ਕ-ਉਕਤੀ ਹੈ। ਪ੍ਰਵਚਨ ਲਿਖਤ ਰੂਪ ਕਰਕੇ ਜਦੋਂ ਸਮੁੱਚੇ ਸਭਿਆਚਾਰ ਦਾ ਅੰਗ ਬਣ ਜਾਂਦਾ ਹੈ ਤਾਂ ਉਹ ਪਾਠ ਦਾ ਰੂਪ ਧਾਰਨ ਕਰ ਲੈਂਦਾ ਹੈ।"*[5]

ਕਿਸੇ ਪਾਠ ਨੂੰ ਸਮੁੱਚ ਵਿਚ ਗ੍ਰਹਿਣ ਕਰਕੇ ਉਸ ਦੇ ਇਕਹਿਰੇ ਚਿਹਨਾਂ ਤੱਕ ਪੁੱਜਣਾ ਅਤੇ ਫਿਰ ਇਕਹਿਰੇ ਚਿਹਨਾਂ ਤੋਂ ਦੁਬਾਰਾ ਪਾਠ ਤੱਕ ਪੁੱਜਣ ਦੀ ਯਾਤਰਾ ਹੀ ਚਿਹਨ ਵਿਗਿਆਨ ਹੈ। ਪਾਠ ਮਹਿਜ਼ ਨਵੇਂ ਅਰਥ ਨਹੀਂ ਸਿਰਜਦਾ ਉਸਦੀ ਸੰਰਚਨਾ ਵਿਚ ਸੱਭਿਆਚਾਰਕ ਯਾਦਾਂ ਅਤੇ ਪ੍ਰਸੰਗਾਂ ਨੂੰ ਸਾਂਭਣ ਦੀ ਸਮਰੱਥਾ ਹੁੰਦੀ ਹੈ। ਵਿਚਾਰਾਂ ਦੀ ਪੇਸ਼ਕਾਰੀ ਭਾਸ਼ਾ ਦੀ ਸਮਰੱਥਾ ਉੱਤੇ ਨਿਰਭਰ ਹੈ। ਭਾਸ਼ਾ ਅਤੇ ਵਿਚਾਰ ਸਮੁੱਚ ਰੂਪ ਵਿਚ ਪਾਠ ਹੈ। ਪਾਠ ਦੀ ਉਸਾਰੀ ਤੋਂ ਬਾਅਦ ਵਿਚਾਰਾਂ ਦੀ ਡੀ-ਕੋਡਿੰਗ ਭਾਸ਼ਾ ਰਾਹੀਂ ਹੀ ਹੋਣੀ ਹੈ। ਪਾਠ ਦੀ ਸਹੀ ਅਰਥਾਂ ਵਿਚ ਡੀ-ਕੋਡਿੰਗ ਲਈ ਸਮਾਜ ਸੱਭਿਆਚਾਰ ਵੀ ਅਹਿਮ ਤੱਤ ਹੈ। ਸਮਾਜ ਸੱਭਿਆਚਾਰ ਦੇ ਤੱਤਾਂ ਤੋਂ ਜਾਣੂ ਹੋਣ ਉਪਰੰਤ ਹੀ ਪਾਠ ਦੇ ਮੂਲ ਅਰਥ ਤੱਕ ਪਹੁੰਚਿਆ ਜਾ ਸਕਦਾ ਹੈ। ਪਾਠਕ ਦੁਆਰਾ ਟੈਕਸਟ ਅਧਿਐਨ ਉਸਦੀ ਕਾਬਲੀਅਤ ਦੇ ਅਧਾਰਿਤ ਹੈ। ਪਾਠਕ ਉਹੀ ਜਾਣਦਾ ਹੈ ਜੋ ਉਸਦੀ ਕਾਬਲੀਅਤ ਉਸਨੂੰ ਜਾਣਨ ਦਿੰਦੀ ਹੈ। ਸਮੁੱਚੀ ਚਿਹਨ ਵਿਗਿਆਨਕ ਪ੍ਰਕਿਰਿਆ ਪਾਠਕ ਦੇ ਮਨ ਵਿਚ ਵਾਪਰਦੀ ਹੈ। ਪਾਠਕ ਦੀ ਭਾਸ਼ਾ ਯੋਗਤਾ ਹੀ ਹੈ ਜੋ ਉਸਨੂੰ ਸੰਕੇਤ, ਅਲੰਕਾਰ ਅਤੇ ਵਿਅੰਗ ਆਦਿ ਨੂੰ ਸਮਝਣ ਦੇ ਕਾਬਲ ਬਣਾਉਂਦੀ ਹੈ। ਪਾਠ ਦੀਆਂ ਚਿਹਨ ਕੜੀਆਂ ਵਿਚ ਮੌਜੂਦ ਖੱਪਿਆਂ ਨੂੰ ਪਾਠਕ ਆਪਣੀ ਯੋਗਤਾ ਅਨੁਸਾਰ ਸਮਝਦਾ ਹੈ। ਚਿਹਨ ਵਿਗਿਆਨ ਦਾ ਮਨੋਰਥ ਨਵੀਂ ਵਿਆਖਿਆ ਨੂੰ ਜਨਮ ਨਹੀਂ ਦਿੰਦਾ ਬਲਕਿ ਨਿਯਮਾਂ ਦੀ ਖੋਜ ਕਰਨਾ ਹੈ ਜਿਨ੍ਹਾਂ ਰਾਹੀਂ ਨਵੀਂ ਵਿਆਖਿਆ ਸੰਭਵ ਹੋ ਸਕੇ। ਚਿਹਨ ਵਿਗਿਆਨ ਪੂਰੀ ਤਰ੍ਹਾਂ ਰਚਨਾਤਮਕ ਵਿਧੀ ਹੈ। ਕਾਵਿ ਵਿਚ ਚਿਹਨ ਕਿਸ ਤਰ੍ਹਾਂ ਸੰਚਾਰ ਕਰਦੇ ਹਨ। ਰੋਲਾਂ ਬਾਰਤ ਨੇ ਇਸ ਨੂੰ ਚਿਹਨੀਕਰਨ ਦਾ ਨਾਂ ਦਿੱਤਾ ਹੈ। ਚਿਹਨੀਕਰਨ ਦੀ ਪੂਰੀ ਪ੍ਰਕਿਰਿਆ ਪਾਠਕ ਕੇਂਦ੍ਰਿਤ ਹੈ। ਰੋਲਾਂ ਬਾਰਤ ਨੇ ਇਸ ਨੂੰ ਸਪਸ਼ਟ ਕਰਨ ਲਈ ਪਾਠਕ-ਹੁੰਗਾਰਾ-ਸਿਧਾਂਤ (Reader Response Theory) ਪੇਸ਼ ਕੀਤਾ ਹੈ। ਪਾਠਕ ਪ੍ਰਾਪਤ ਪਾਠ ਨੂੰ ਗ੍ਰਹਿਣ ਕਰਦਿਆਂ ਆਪਣੇ ਮਨ ਵਿਚ ਉਸ ਦੀ ਪੁਨਰ-ਸਿਰਜਣਾ ਕਰਦਾ ਹੈ। ਇਸ ਤਰ੍ਹਾਂ ਕਈ ਵਾਰ ਉਹ ਪਾਠ ਦੇ ਅਰਥਾਂ ਨੂੰ ਸਮਝਣ ਤੋਂ ਖੁੰਝ ਜਾਂਦਾ ਹੈ ਅਤੇ ਕਈ ਵਾਰ ਇਸ ਨੂੰ ਵਧਾ ਕੇ ਦੇਖ ਰਿਹਾ ਹੁੰਦਾ ਹੈ। ਰੋਲਾਂ ਬਾਰਤ ਦਾ ਲੇਖਕ ਦੀ ਮੌਤ (Death of Auther) ਸੰਕਲਪ ਇਸੇ ਸਥਿਤੀ ਦੀ ਵਿਆਖਿਆ ਹੈ।

ਸਮੁੱਚੀ ਚਰਚਾ ਦੇ ਆਧਾਰ ਉਪਰ ਇਹ ਸਪੱਸ਼ਟ ਹੋ ਜਾਂਦਾ ਹੈ ਚਿਹਨ ਵਿਗਿਆਨ ਦਾ ਪ੍ਰਕਾਰਜ ਉਨ੍ਹਾਂ ਰੂੜ੍ਹੀਆਂ ਨੂੰ ਨਿਸ਼ਾਨਦੇਹ ਕਰਨਾ ਹੈ ਜਿਨ੍ਹਾਂ ਵਿਚ ਪਾਠ ਦਾ ਕੇਂਦਰੀ ਭਾਵ ਲੁਕਿਆ ਹੈ। ਇਸ ਪ੍ਰਕਾਰਜ ਵਿਚ ਜਿੱਥੇ ਪਾਠਕ ਦੀ ਯੋਗਤਾ ਬਹੁਤ ਅਹਿਮ ਹੈ ਉੱਥੇ ਹੀ ਪਾਠ ਅਤੇ ਪਾਠਕ ਦਾ ਸੱਭਿਆਚਾਰਕ ਪਿਛੋਕੜ ਵੀ ਖਾਸ ਅਹਿਮੀਅਤ ਰੱਖਦਾ ਹੈ। ਚਿਹਨ ਵਿਗਿਆਨ ਨਿਰੋਲ ਵਿਸ਼ੇ ਤੱਕ ਮਹਿਦੂਦ ਨਹੀਂ ਰਹਿੰਦਾ ਸਗੋਂ ਇਹ ਸੁਹਜਾਤਮਕ ਪੱਧਰ 'ਤੇ ਅਰਥ ਬੋਧ ਲਈ ਤਤਪਰ ਹੈ। ਇਸ ਤਰ੍ਹਾਂ ਚਿਹਨ ਵਿਗਿਆਨ ਸਾਹਿਤਕ ਪਾਠਾਂ ਵਿਚ ਕਾਰਜਸ਼ੀਲ ਯੋਗ ਚਿਹਨਾਂ ਦੇ ਵਿਸ਼ਲੇਸ਼ਣ ਲਈ ਸਮਰੱਥ ਵਿਧੀ ਹੈ।

## ਹਵਾਲੇ ਅਤੇ ਟਿੱਪਣੀਆਂ


1. *"That is sign is something that stand for something else and is understood by someone or has a meaning for someone." Krampen Martin And Others (Ed.), Classics of Semiotics, Plenum Press, New York and London, 1987, p. 05.*
2. *"semiology would show what constitutes signs, what laws govern them. Since the science does not yet exist, no one can say what it would be; but it has a right to existence." Ferdinand-de-Saussure, Course in General Linguistics, Translated by Roy Harris, Duckworth, London, 1973, p. 15.*
3. *"Linguistics is only a part of the general science of semiology." Ibid, p. 16.*
4. *"semiology therefore, aims to take in any system of sign whatever their substance and limit image gesture musical sounds objects and the complex association of all these which from the content of ritual convention or public entertainment. These constitute if not language at least systems of significant." Roland Barthes, Elements of Semiology, Translated by Annette*

*Lavers and Colin Smith, Jonathan Cape, London, 1984, p. 01.*

5. *ਗੁਰਬਚਨ, ਚਿਹਨ, ਸੰਰਚਨਾ ਅਤੇ ਮਾਰਕਸਵਾਦ, ਰਘੁਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1985, ਪੰਨਾ: 15.*

**Cite this Article-**

*ਗੁਰਵਿੰਦਰ ਸਿੰਘ (Gurwinder Singh), ਚਿਹਨ ਵਿਗਿਆਨ: ਇੱਕ ਅਧਿਐਨ (Chehan Vigiyan: ik Adhyan), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 30-33.*

*Journal URL: www.armaan.org.in*

*DOI: https://doi.org/10.64119/armaan.vol.3.issue4.06*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/